# Factsheet NEG02
# ਸਬਮਿਸ਼ਨ (ਬੇਨਤੀ ਜਮ੍ਹਾਂ) ਕਰ ਰਹੇ ਹੋ

Punjabi | ਪੰਜਾਬੀ

ਇਹ ਤੱਥ ਸ਼ੀਟ ਉਹਨਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ ਜਿੰਨ੍ਹਾਂ ਨੂੰ ਵਰਕਿੰਗ ਵਿਦ ਚਿਲਡਰਨ (WWC) ਸਕ੍ਰੀਨਿੰਗ ਯੂਨਿਟ ਨੂੰ WWC ਚੈੱਕ ਕਰਵਾਉਣ ਲਈ ਉਹਨਾਂ ਦੇ ਢੁੱਕਵੇਂਪਨ ਬਾਰੇ ਜਾਣਨ ਲਈ ਸਬਮਿਸ਼ਨ (ਬੇਨਤੀ ਜਮ੍ਹਾਂ) ਕਰਵਾਉਣ ਲਈ ਕਿਹਾ ਗਿਆ ਹੈ। ਇਹ ਬੇਨਤੀ ਇਸ ਨਾਲ ਸੰਬੰਧਿਤ ਹੋ ਸਕਦੀ ਹੈ:

- ਆਟੋਮੈਟਿਕ **ਨੈਗੇਟਿਵ ਨੋਟਿਸ (Negative Notice)** ਜਾਰੀ ਹੋਣ ਦੇ ਮੁੱਦੇ 'ਤੇ ਜਾਣਕਾਰੀ ਨੂੰ ਠੀਕ ਕਰਨ ਲਈ
- ਤੁਹਾਨੂੰ ਨੈਗੇਟਿਵ ਨੋਟਿਸ ਜਾਰੀ ਕਰਨ ਦੇ ਸੁਝਾਅ ਲਈ
- ਤੁਹਾਡੇ ਨੈਗੇਟਿਵ ਨੋਟਿਸ ਨੂੰ ਰੱਦ ਕਰਨ ਲਈ ਇੱਕ ਅਰਜ਼ੀ ਲਈ।

## ਸਬਮਿਸ਼ਨ ਕੀ ਹੈ?

ਸਬਮਿਸ਼ਨ ਦਾ ਅਰਥ ਹੈ, ਇਹ ਤੁਹਾਡੇ WWC ਚੈੱਕ ਬਾਰੇ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ ਵਿਚਾਰ ਕਰਨ ਲਈ WWC ਸਕ੍ਰੀਨਿੰਗ ਯੂਨਿਟ ਨੂੰ ਪ੍ਰਦਾਨ ਕੀਤੀ ਗਈ ਕੋਈ ਵੀ ਜਾਣਕਾਰੀ ਹੁੰਦੀ ਹੈ।

## ਮੈਨੂੰ ਸਬਮਿਸ਼ਨ ਲਈ ਕਿਉਂ ਕਿਹਾ ਗਿਆ ਹੈ?

ਤੁਹਾਨੂੰ ਸਬਮਿਸ਼ਨ ਕਰਨ ਲਈ ਇਸ ਲਈ ਕਿਹਾ ਗਿਆ ਹੈ ਕਿਉਂਕਿ WWC ਸਕ੍ਰੀਨਿੰਗ ਯੂਨਿਟ ਨੂੰ ਤੁਹਾਡੇ ਬਾਰੇ ਅਜਿਹੀ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਬੱਚਿਆਂ ਨੂੰ ਨੁਕਸਾਨ ਪਹੁੰਚਣ ਦੇ ਅਸਵੀਕਾਰਨਯੋਗ ਜ਼ੋਖਮ ਦੇ ਸੰਪਰਕ ਵਿੱਚ ਆਉਣ ਬਾਰੇ ਚਿੰਤਾਵਾਂ ਪੈਦਾ ਕਰਦੀ ਹੈ। ਇਨ੍ਹਾਂ ਚਿੰਤਾਵਾਂ ਨੂੰ WWC ਸਕ੍ਰੀਨਿੰਗ ਯੂਨਿਟ ਦੁਆਰਾ ਤੁਹਾਨੂੰ ਭੇਜੇ ਗਏ ਪੱਤਰ ਵਿੱਚ ਦੱਸਿਆ ਗਿਆ ਹੈ।

ਇੱਕ ਸਬਮਿਸ਼ਨ ਪ੍ਰਦਾਨ ਕਰਨਾ ਤੁਹਾਨੂੰ ਇਹਨਾਂ ਚਿੰਤਾਵਾਂ ਦਾ ਤੁਹਾਡੇ ਆਪਣੇ ਸ਼ਬਦਾਂ ਵਿੱਚ ਜਵਾਬ ਦੇਣ ਅਤੇ WWC ਸਕ੍ਰੀਨਿੰਗ ਯੂਨਿਟ ਨੂੰ ਕੋਈ ਵੀ ਵਧੀਕ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਤੁਹਾਨੂੰ ਇਸ ਬਾਰੇ ਢੁੱਕਵੀਂ ਮਹਿਸੂਸ ਹੁੰਦੀ ਹੈ। ਨਿਯਤ ਮਿਤੀ ਤੱਕ ਕੋਈ ਵੀ ਜਾਣਕਾਰੀ ਜੋ ਤੁਸੀਂ ਆਪਣੀ ਸਬਮਿਸ਼ਨ ਵਿੱਚ ਪ੍ਰਦਾਨ ਕਰਦੇ ਹੋ, ਉਸਨੂੰ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ WWC ਸਕ੍ਰੀਨਿੰਗ ਯੂਨਿਟ ਦੁਆਰਾ ਵਿਚਾਰਿਆ ਜਾਣਾ ਲਾਜ਼ਮੀ ਹੈ।

ਭਾਵੇਂ ਤੁਹਾਨੂੰ **ਅੰਤਰਿਮ ਨੈਗੇਟਿਵ ਨੋਟਿਸ (Interim Negative Notice)** ਜਾਰੀ ਕਰ ਦਿੱਤਾ ਗਿਆ ਹੈ, ਇਹ ਅਹਿਮ ਹੈ ਕਿ ਤੁਸੀਂ ਉਹ ਜਾਣਕਾਰੀ WWC ਸਕ੍ਰੀਨਿੰਗ ਯੂਨਿਟ ਨੂੰ ਵਿਚਾਰਨ ਲਈ ਪ੍ਰਦਾਨ ਕਰੋ ਜੋ ਪਛਾਣੀਆਂ ਗਈਆਂ ਚਿੰਤਾਵਾਂ ਨੂੰ ਹੱਲ ਕਰਦੀ ਹੈ। ਤੁਹਾਡੀ ਸਬਮਿਸ਼ਨ ਵਿੱਚ ਦਿੱਤੀ ਜਾਣਕਾਰੀ WWC ਸਕ੍ਰੀਨਿੰਗ ਯੂਨਿਟ ਨੂੰ ਇਹ ਦਿਖਾਉਣ ਲਈ ਲੋੜੀਂਦੇ ਸਬੂਤ ਪ੍ਰਦਾਨ ਕਰ ਸਕਦੀ ਹੈ ਕਿ ਤੁਸੀਂ ਹੁਣ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦਾ ਅਸਵੀਕਾਰਨਯੋਗ ਖ਼ਤਰਾ ਨਹੀਂ ਖੜ੍ਹਾ ਕਰਦੇ ਹੋ। ਅੰਤਰਿਮ ਨੈਗੇਟਿਵ ਨੋਟਿਸ ਜਾਰੀ ਕੀਤੇ ਗਏ ਹਰੇਕ ਵਿਅਕਤੀ ਨੂੰ ਨੈਗੇਟਿਵ ਨੋਟਿਸ ਪ੍ਰਾਪਤ ਨਹੀਂ ਹੁੰਦਾ ਹੈ।

## ਕੀ ਮੈਨੂੰ ਸਬਮਿਸ਼ਨ ਪ੍ਰਦਾਨ ਕਰਨੀ ਹੀ ਪਵੇਗੀ?

ਨਹੀਂ, ਤੁਹਾਨੂੰ ਸਬਮਿਸ਼ਨ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ, ਪਰ ਅਸੀਂ ਤੁਹਾਨੂੰ ਅਜਿਹਾ ਕਰਨ ਲਈ ਪੁਰਜ਼ੋਰ ਉਤਸ਼ਾਹਿਤ ਕਰਦੇ ਹਾਂ। ਜੇਕਰ ਤੁਸੀਂ ਕੋਈ ਸਬਮਿਸ਼ਨ ਪ੍ਰਦਾਨ ਨਹੀਂ ਕਰਦੇ ਹੋ, ਤਾਂ ਅੰਤਿਮ ਫ਼ੈਸਲਾ ਮੌਜੂਦਾ ਜਾਣਕਾਰੀ 'ਤੇ ਅਧਾਰਿਤ ਹੋਵੇਗਾ, ਜਿਸਦੇ ਨਤੀਜੇ ਵਜੋਂ ਤੁਹਾਨੂੰ ਇੱਕ ਨੈਗੇਟਿਵ ਨੋਟਿਸ ਜਾਰੀ ਕੀਤਾ ਜਾ ਸਕਦਾ ਹੈ, ਜਾਂ ਬਰਕਰਾਰ ਰੱਖਿਆ ਜਾ ਸਕਦਾ ਹੈ।

WWC ਸਕ੍ਰੀਨਿੰਗ ਯੂਨਿਟ ਨੂੰ ਸਬਮਿਸ਼ਨ ਪ੍ਰਦਾਨ ਨਾ ਕਰਨ ਨਾਲ ਬਾਅਦ ਵਿੱਚ ਨੈਗੇਟਿਵ ਨੋਟਿਸ ਜਾਰੀ ਕੀਤੇ ਜਾਣ ਬਾਰੇ ਮੁੜ-ਵਿਚਾਰ ਕਰਨ ਲਈ ਸਟੇਟ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ (SAT) ਕੋਲ ਅਰਜ਼ੀ ਦੇਣਾ ਵੀ ਔਖਾ ਹੋ ਜਾਵੇਗਾ। ਹੋਰ ਜਾਣਕਾਰੀ ਲਈ Factsheet NEG01: ਨੈਗੇਟਿਵ ਨੋਟਿਸ, ਸਮੀਖਿਆ ਅਤੇ ਰੱਦ ਕਰਨ ਦੀਆਂ ਅਰਜ਼ੀਆਂ ਵੇਖੋ।

## ਕੀ ਕੋਈ ਸਬਮਿਸ਼ਨ ਕਰਨ ਵਿੱਚ ਮੇਰੀ ਮੱਦਦ ਕਰ ਸਕਦਾ ਹੈ?

ਹਾਂ, ਤੁਸੀਂ ਆਪਣੀ ਸਬਮਿਸ਼ਨ ਵਿੱਚ ਕਿਸੇ ਦੀ ਮੱਦਦ ਲੈ ਸਕਦੇ ਹੋ। ਇਹ ਉਹ ਵਿਅਕਤੀ ਹੋ ਸਕਦਾ ਹੈ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ, ਕਿਸੇ ਦੁਭਾਸ਼ੀਏ ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ, ਜਾਂ ਆਪਣੀ ਸੁਤੰਤਰ ਕਾਨੂੰਨੀ ਸਲਾਹ ਲੈ ਸਕਦੇ ਹੋ।

## ਕੀ ਮੇਰੀ ਸਬਮਿਸ਼ਨ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ?

ਇੱਕ ਲਿਖਤੀ ਬਿਆਨ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਇਹ ਜਾਣਕਾਰੀ ਦੀ ਸ਼ੁੱਧਤਾ ਵਿੱਚ ਮੱਦਦ ਕਰ ਸਕਦਾ ਹੈ ਅਤੇ ਗਲਤ ਵਿਆਖਿਆ ਨੂੰ ਰੋਕ ਸਕਦਾ ਹੈ। ਸਬਮਿਸ਼ਨ ਵਿੱਚ ਸ਼ਾਮਲ ਜਾਣਕਾਰੀ ਮਹੱਤਵਪੂਰਨ ਹੈ, ਨਾ ਕਿ ਇਹ ਕਿੰਨੀ ਚੰਗੀ ਤਰ੍ਹਾਂ ਲਿਖੀ ਗਈ ਹੈ। ਤੁਹਾਡੀ ਲਿਖਤੀ ਸਬਮਿਸ਼ਨ ਦੇ ਮਿਆਰ 'ਤੇ ਤੁਹਾਡੇ ਬਾਰੇ ਨਿਰਣਾ ਨਹੀਂ ਕੀਤਾ ਜਾਵੇਗਾ।

ਜੇਕਰ ਲਿਖਤੀ ਸਬਮਿਸ਼ਨ ਕਰਨਾ ਤੁਹਾਡੇ ਲਈ ਮੁਸ਼ਕਲ ਹੈ, ਅਤੇ ਤੁਹਾਡੇ ਕੋਲ ਲਿਖਤੀ ਸਬਮਿਸ਼ਨ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਕੋਈ ਨਹੀਂ ਹੈ, ਤਾਂ ਕਿਰਪਾ ਕਰਕੇ ਉਪਲਬਧ ਹੋਰ ਵਿਕਲਪਾਂ ਬਾਰੇ ਪਤਾ ਲਗਾਉਣ ਲਈ WWC ਸਕ੍ਰੀਨਿੰਗ ਯੂਨਿਟ ਨਾਲ ਸੰਪਰਕ ਕਰੋ।

## ਮੈਂ ਆਪਣੀ ਸਬਮਿਸ਼ਨ ਵਿੱਚ ਕੀ ਸ਼ਾਮਲ ਕਰ ਸਕਦਾ/ਦੀ ਹਾਂ?

ਤੁਸੀਂ ਕੋਈ ਵੀ ਉਹ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ ਜਿਸ ਬਾਰੇ ਤੁਹਾਨੂੰ ਲੱਗਦਾ ਹੈ ਕਿ ਵਿਚਾਰ ਕੀਤਾ ਜਾਣਾ ਚਾਹੀਦਾ ਹੈ; ਹਾਲਾਂਕਿ, ਇਹ ਮਹੱਤਵਪੂਰਨ ਹੈ ਕਿ ਤੁਸੀਂ ਤੁਹਾਨੂੰ ਪ੍ਰਾਪਤ ਹੋਈ ਚਿੱਠੀ ਵਿੱਚ ਪਛਾਣੀਆਂ ਗਈਆਂ ਚਿੰਤਾਵਾਂ ਨੂੰ ਹੱਲ ਕਰੋ। ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੋ ਸਕਦੀ ਹੈ:

- ਕੀ ਪ੍ਰਦਾਨ ਕੀਤੀ ਗਈ ਜਾਣਕਾਰੀ ਤੁਹਾਡੇ 'ਤੇ ਲਾਗੂ ਨਹੀਂ ਹੁੰਦੀ (ਭਾਵ, ਤੁਹਾਡਾ ਅਪਰਾਧਿਕ ਰਿਕਾਰਡ ਇਤਿਹਾਸ ਗਲਤ ਹੈ)
- ਇਸ ਅਪਰਾਧਕ ਸਮੇਂ ਜਾਂ ਆਚਰਣ ਸੰਬੰਧੀ ਤੁਹਾਡੇ ਨਿੱਜੀ ਹਾਲਾਤਾਂ ਬਾਰੇ ਜਾਣਕਾਰੀ

- ਤੁਹਾਡੇ ਦੁਆਰਾ ਕੀਤੇ ਗਏ ਕਿਸੇ ਵੀ ਪ੍ਰੋਗਰਾਮ, ਕਾਉਂਸਲਿੰਗ ਜਾਂ ਇਲਾਜ ਦੇ ਵੇਰਵੇ ਅਤੇ ਸਬੂਤ ਸਮੇਤ ਤੁਹਾਡੇ ਪਿਛਲੇ ਵਿਵਹਾਰ ਨੂੰ ਹੱਲ ਕਰਨ ਲਈ ਤੁਹਾਡੇ ਦੁਆਰਾ ਚੁੱਕੇ ਗਏ ਕਦਮ
- ਸੁਤੰਤਰ ਜਾਂ ਪੇਸ਼ੇਵਰ ਲੋਕਾਂ ਤੋਂ ਹਵਾਲੇ ਪੱਤਰ ਜੋ ਤੁਹਾਡੇ ਇਤਿਹਾਸ ਨੂੰ ਜਾਣਦੇ ਹਨ
- ਕੋਈ ਹੋਰ ਜਾਣਕਾਰੀ ਜੋ ਤੁਸੀਂ ਸੋਚਦੇ ਹੋ ਕਿ ਸੰਬੰਧਿਤ ਹੈ।

WWC ਸਕ੍ਰੀਨਿੰਗ ਯੂਨਿਟ ਵੱਲੋਂ ਤੁਹਾਡੀ ਸਬਮਿਸ਼ਨ ਪ੍ਰਾਪਤ ਹੋਣ ਤੋਂ ਬਾਅਦ, ਤੁਸੀਂ ਆਪਣੀ ਸਬਮਿਸ਼ਨ ਵਿੱਚ ਜੋ ਕਿਹਾ ਹੈ, ਉਸ ਨੂੰ ਸਪੱਸ਼ਟ ਕਰਨ ਜਾਂ ਪੁਸ਼ਟੀ ਕਰਨ ਲਈ ਹੋਰ ਦਸਤਾਵੇਜ਼ਾਂ ਜਾਂ ਜਾਣਕਾਰੀ ਲਈ ਬੇਨਤੀ ਕੀਤੀ ਜਾ ਸਕਦੀ ਹੈ।

## ਮੇਰੇ ਲਈ ਹਵਾਲਾ ਪੱਤਰ ਕੌਣ ਦੇ ਸਕਦਾ ਹੈ?

ਤੁਹਾਡੇ ਲਈ ਹਵਾਲਾ ਪੱਤਰ ਕੋਈ ਵੀ ਦੇ ਸਕਦਾ ਹੈ; ਹਾਲਾਂਕਿ, ਇਹ ਮਹੱਤਵਪੂਰਨ ਹੈ ਕਿ ਇਹ ਵਿਅਕਤੀ ਤੁਹਾਡੇ ਅਪਰਾਧਕ ਇਤਿਹਾਸ ਅਤੇ ਚਿੰਤਾ ਦੇ ਹੋਰ ਵਿਵਹਾਰ ਬਾਰੇ ਜਾਣਦਾ ਹੈ। ਇੱਕ ਸੁਤੰਤਰ ਵਿਅਕਤੀ ਵੱਲੋਂ ਹਵਾਲਾ ਪੱਤਰ ਜੋ ਤੁਹਾਡੇ ਅਪਰਾਧ ਬਾਰੇ ਜਾਣੂ ਹੈ ਜਾਂ ਜੋ ਤੁਹਾਡੇ ਨਾਲ ਕਿਸੇ ਪੇਸ਼ੇਵਰ ਰਿਸ਼ਤੇ ਵਿੱਚ ਰੁੱਝਿਆ ਹੋਇਆ ਹੈ (ਉਦਾਹਰਨ ਲਈ, ਸਲਾਹਕਾਰ) ਵੱਲੋਂ ਦਿੱਤਾ ਗਿਆ ਹਵਾਲਾ, ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਤੋਂ ਵੱਧ ਅਹਿਮੀਅਤ ਰੱਖਦਾ ਹੋਵੇਗਾ।

ਅਸੀਂ ਹਵਾਲਾ ਪੱਤਰ ਦੇਣ ਵਾਲੇ ਨੂੰ ਉਹਨਾਂ ਦੇ ਸੰਪਰਕ ਵੇਰਵੇ ਸ਼ਾਮਲ ਕਰਨ ਲਈ ਕਹਿੰਦੇ ਹਾਂ ਤਾਂ ਜੋ ਲੋੜ ਪੈਣ 'ਤੇ WWC ਸਕ੍ਰੀਨਿੰਗ ਯੂਨਿਟ ਦੁਆਰਾ ਉਹਨਾਂ ਨਾਲ ਸੰਪਰਕ ਕੀਤਾ ਜਾ ਸਕੇ।

## ਜਦੋਂ ਮੈਂ ਆਪਣੀ ਸਬਮਿਸ਼ਨ ਤਿਆਰ ਕਰ ਰਿਹਾ ਹਾਂ ਤਾਂ ਕੀ ਮੈਂ ਅਜੇ ਵੀ ਬੱਚਿਆਂ ਨਾਲ ਕੰਮ ਕਰ ਸਕਦਾ/ਦੀ ਹਾਂ?

ਜੇਕਰ ਤੁਹਾਨੂੰ ਅੰਤਰਿਮ ਨੈਗੇਟਿਵ ਨੋਟਿਸ ਜਾਰੀ ਕੀਤਾ ਗਿਆ ਹੈ ਜਾਂ ਤੁਹਾਡੇ ਕੋਲ ਮੌਜੂਦਾ ਨੈਗੇਟਿਵ ਨੋਟਿਸ ਹੈ, ਤਾਂ ਤੁਹਾਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਅਤੇ ਬਾਲ ਵਾਲੰਟੀਅਰ ਛੋਟਾਂ ਜਾਂ ਮਾਤਾ-ਪਿਤਾ ਦੇ ਤੌਰ 'ਤੇ ਵਾਲੰਟੀਅਰ ਛੋਟਾਂ ਤੱਕ ਪਹੁੰਚ ਕਰਨ ਦੀ ਮਨਾਹੀ ਹੈ। ਤੁਹਾਨੂੰ ਪ੍ਰਾਪਤ ਹੋਇਆ ਪੱਤਰ ਸਲਾਹ ਦੇਵੇਗਾ ਕਿ ਕੀ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਨੋਟਿਸ ਜਾਰੀ ਕੀਤਾ ਗਿਆ ਹੈ ਜਾਂ ਨਹੀਂ।

ਜੇਕਰ ਤੁਹਾਨੂੰ ਅੰਤਰਿਮ ਨੈਗੇਟਿਵ ਨੋਟਿਸ ਜਾਰੀ ਨਹੀਂ ਕੀਤਾ ਗਿਆ ਹੈ ਜਾਂ ਤੁਹਾਡੇ ਕੋਲ ਮੌਜੂਦਾ ਨੈਗੇਟਿਵ ਨੋਟਿਸ ਨਹੀਂ ਹੈ, ਤਾਂ ਤੁਸੀਂ ਆਪਣੀ ਸਬਮਿਸ਼ਨ ਤਿਆਰ ਕਰਨ ਅਤੇ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ ਬੱਚਿਆਂ ਨਾਲ ਕੰਮ ਕਰਨਾ ਜਾਰੀ ਰੱਖ ਸਕਦੇ ਹੋ।

## WWC ਸਕ੍ਰੀਨਿੰਗ ਯੂਨਿਟ ਅੰਤਿਮ ਫ਼ੈਸਲਾ ਲੈਣ ਵਿੱਚ ਕਿੰਨਾ ਸਮਾਂ ਲਵੇਗੀ?

WWC ਸਕ੍ਰੀਨਿੰਗ ਯੂਨਿਟ ਨੂੰ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਕੋਈ ਵੀ ਸਬਮਿਸ਼ਨ ਸਮੇਤ ਸਾਰੀ ਸੰਬੰਧਿਤ ਜਾਣਕਾਰੀ ਪ੍ਰਾਪਤ ਕਰਨ ਅਤੇ ਵਿਚਾਰ ਕਰਨ ਲਈ ਜ਼ਰੂਰੀ ਸਮਾਂ ਲੈਣਾ ਚਾਹੀਦਾ ਹੈ। ਮਿਲੀ ਜਾਣਕਾਰੀ ਦੀ ਗੁੰਝਲਤਾ ਅਤੇ ਮਾਤਰਾ 'ਤੇ ਨਿਰਭਰ ਕਰਦੇ ਹੋਏ, ਕੁੱਝ ਫ਼ੈਸਲਿਆਂ ਨੂੰ ਦੂਜਿਆਂ ਨਾਲੋਂ ਜ਼ਿਆਦਾ ਸਮਾਂ ਲੱਗੇਗਾ।

## ਜੇ ਮੈਂ ਹੁਣ ਬੱਚਿਆਂ ਨਾਲ ਕੰਮ ਨਹੀਂ ਕਰਦਾ/ਦੀ ਹਾਂ ਅਤੇ ਆਪਣਾ WWC ਕਾਰਡ ਰੱਦ ਕਰਨਾ ਚਾਹੁੰਦਾ/ਦੀ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਹੁਣ ਹੋਰ ਬੱਚਿਆਂ ਨਾਲ ਕੰਮ ਨਹੀਂ ਕਰਦੇ ਹੋ ਤਾਂ ਤੁਸੀਂ checkquery@communities.wa.gov.au 'ਤੇ ਈਮੇਲ ਕਰਕੇ ਆਪਣਾ WWC ਕਾਰਡ ਰੱਦ ਕਰਵਾ ਸਕਦੇ ਹੋ। ਜੇਕਰ ਤੁਸੀਂ ਆਪਣਾ WWC ਕਾਰਡ ਰੱਦ ਕਰ ਦਿੰਦੇ ਹੋ, ਤਾਂ ਤੁਸੀਂ ਬੱਚਿਆਂ ਨਾਲ ਸੰਬੰਧਿਤ ਕੰਮ ਨਹੀਂ ਕਰ ਸਕਦੇ ਹੋ ਅਤੇ ਭਵਿੱਖ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਨਵੀਂ WWC ਚੈੱਕ ਅਰਜ਼ੀ ਦੇਣ ਦੀ ਲੋੜ ਹੋਵੇਗੀ। ਕਿਰਪਾ ਕਰਕੇ ਨੋਟ ਕਰੋ, ਹਾਲਾਂਕਿ, ਜੇਕਰ ਤੁਹਾਨੂੰ ਅੰਤਰਿਮ ਨੈਗੇਟਿਵ ਨੋਟਿਸ (Interim Negative Notice) ਜਾਰੀ ਕੀਤਾ ਗਿਆ ਹੈ ਤਾਂ ਤੁਸੀਂ ਆਪਣਾ WWC ਕਾਰਡ ਰੱਦ ਕਰਨ ਲਈ ਅਯੋਗ ਹੋ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।